ਆਸਾ ਮਹਲਾ ੫ ॥
Aasaa, Fifth Mehl:

ਉਦਮੁ ਕੀਆ ਕਰਾਇਆ ਆਰੰਭੁ ਰਚਾਇਆ ॥
I made the effort; I did it, and made a beginning.

ਨਾਮੁ ਜਪੇ ਜਪਿ ਜੀਵਣਾ ਗੁਰਿ ਮੰਤ੍ਰੁ ਦ੍ਰਿੜਾਇਆ ॥੧॥
I live by chanting and meditating on the Naam. The Guru has implanted this Mantra within me. ||1||

ਪਾਇ ਪਰਹ ਸਤਿਗੁਰੂ ਕੈ ਜਿਨਿ ਭਰਮੁ ਬਿਦਾਰਿਆ ॥
I fall at the Feet of the True Guru, who has dispelled my doubts.

ਕਰਿ ਕਿਰਪਾ ਪ੍ਰਭਿ ਆਪਣੀ ਸਚੁ ਸਾਜਿ ਸਵਾਰਿਆ ॥੧॥ ਰਹਾਉ ॥
Bestowing His Mercy, God has dressed me, and decorated me with the Truth. ||1||Pause||

ਕਰੁ ਗਹਿ ਲੀਨੇ ਆਪਣੇ ਸਚੁ ਹੁਕਮਿ ਰਜਾਈ ॥
Taking me by the hand, He made me His own, through the True Order of His Command.

ਜੋ ਪ੍ਰਭਿ ਦਿਤੀ ਦਾਤਿ ਸਾ ਪੂਰਨ ਵਡਿਆਈ ॥੨॥
That gift which God gave to me, is perfect greatness. ||2||

ਸਦਾ ਸਦਾ ਗੁਣ ਗਾਈਅਹਿ ਜਪਿ ਨਾਮੁ ਮੁਰਾਰੀ ॥
Forever and ever, sing the Glorious Praises of the Lord, and chant the Name of the Destroyer of ego.

ਨੇਮੁ ਨਿਬਾਹਿਓ ਸਤਿਗੁਰੂ ਪ੍ਰਭਿ ਕਿਰਪਾ ਧਾਰੀ ॥੩॥
My vows have been honored, by the Grace of God and the True Guru, who has showered His Mercy. ||3||

ਨਾਮੁ ਧਨੁ ਗੁਣ ਗਾਉ ਲਾਭੁ ਪੂਰੈ ਗੁਰਿ ਦਿਤਾ ॥
The Perfect Guru has given the wealth of the Naam, and the profit of singing the Lord's Glorious Praises.

ਵਣਜਾਰੇ ਸੰਤ ਨਾਨਕਾ ਪ੍ਰਭੁ ਸਾਹੁ ਅਮਿਤਾ ॥੪॥੧੩॥੧੧੫॥
The Saints are the traders, O Nanak, and the Infinite Lord God is their Banker. ||4||13||115||